ਸ੍ਰੀ ਪ੍ਰੋ:ਇੰਮਾਨੂੰਏਲ,ਨਾਹਰ,ਚੇਅਰਮੈਨ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਜੀ ਦੀ ਪ੍ਰਧਾਨਗੀ ਹੇਠ ਮਿਤੀ 16.10.2020 ਨੂੰ ਸਵੇਰੇ 11.30 ਵਜੇ ਦਫਤਰ ਡਿਪਟੀ ਕਮਿਸ਼ਨਰ (ਡੀ.ਏ.ਸੀ) ਮੀਟਿੰਗ ਹਾਲ,ਜਲੰਧਰ ਘੱਟ ਗਿਣਤੀ ਵਰਗਾਂ ਦੀ ਭਲਾਈ ਲਈ ਹੋਈ ਮੀਟਿੰਗ ਦੀ ਕਾਰਵਾਈ।

## ਮੀਟਿੰਗ ਵਿੱਚ ਹਾਜ਼ਰ ਆਏ ਅਧਿਕਾਰੀ/ਕਰਮਚਾਰੀਆਂ ਦਾ ਵੇਰਵਾ:

| ਲੜੀ ਨੰ. | ਸਰਵ ਸ੍ਰੀ/ਸ੍ਰੀਮਤੀ | ਵਿਭਾਗ |
|---|---|---|
| (1) | ਲਖਵਿੰਦਰ ਸਿੰਘ | ਜਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ |
| (2) | ਸ਼ੀਸ ਪਾਲ ਸਿੰਘ | ਤਹਿਸੀਲਦਾਰ ਜਲੰਧਰ-1 |
| (3) | ਰੁਪਿੰਦਰ ਸਿੰਘ ਬੱਲ | ਤਹਿਸੀਲਦਾਰ ਜਲੰਧਰ-2 |
| (4) | ਡਾ.ਨਿਰਮਲਜੀਤ ਕੀਰ | ਮਿਉਸੀਪਲ ਕਾਰਪੋਰੇਸ਼ਨ,ਜਲੰਧਰ |
| (5) | ਨਰੇਸ਼ ਡੋਗਰਾ | ਡੀ.ਸੀ.ਪੀ.ਜਲੰਧਰ |
| (6) | ਰਵੀ ਕੁਮਾਰ | ਐਸ.ਪੀ.ਹੈਡਕੁਆਟਰ,ਜਲੰਧਰ। |
| (7) | ਸੁਰਜੀਤ ਸਿੰਘ (ਅਸਟੇਟ ਅਫਸਰ) | ਮਿਉਸੀਪਲ ਕਾਰਪੋਰੇਸ਼ਨ,ਜਲੰਧਰ |
| (8) | ਰਾਮ ਪਾਲ ਸਿੰਘ (.ਡੀ.ਓ) | ਜਿਲ੍ਹਾ ਸਿਖਿਆ ਅਫਸਰ (ਐ.ਸਿ) ਜਲੰਧਰ |
| (9) | ਰਜੀਵ ਜੋਸ਼ੀ (ਡਿਪਟੀ,ਡੀ.ਓ) | ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਜਲੰਧਰ |
| (10) | ਜੀਨਤ ਖੇਹਿਰਾ | ਬਲਾਕ ਵਿਕਾਸ ਤੇ ਪੰਚਾਇਤ ਅਫਸਰ,ਨਕੋਦਰ |
| (11) | ਰਾਮ ਜੀਤ (ਈ.ਓ) | ਮਿਉਸੀਪਲ ਕਾਰਪੋਰੇਸ਼ਨ,ਭੋਗਪੁਰ |
| (12) | ਨਾਸੀਰ ਹਸਨ ਸਲਮਾਨੀ | ਮੈਬਰ ਮਨਿਓਰਟੀ ਕਮਿਸ਼ਨ |
| (13) | ਅੰਜਲੀਨਾ (ਐਡਵੋਕੇਟ) | ਨਾਨ -ਆਫੀਸ਼ੀਅਲ |
| (14) | ਬਿਸ਼ਪ ਰਾਜ ਕੁਮਾਰ ਮਸੀਹ | ਨਾਨ -ਆਫੀਸ਼ੀਅਲ |
| (15) | ਮੁਸਤਾਕ ਮਸੀਹ | ਨਾਨ- ਆਫੀਸ਼ੀਅਲ |
| (16) | ਹਮੀਦ ਮਸੀਹ | ਨਾਨ- ਆਫੀਸ਼ੀਅਲ |

ਮੀਟਿੰਗ ਵਿੱਚ ਸਭ ਤੋ ਪਹਿਲਾ ਜਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਵੱਲੋ ਚੇਅਰਮੈਨ ਜੀ ਦਾ ਧੰਨਵਾਦ ਕੀਤਾ ਗਿਆ ਅਤੇ ਮੀਟਿੰਗ ਵਿੱਚ ਹਾਜ਼ਰ ਹੋਏ ਅਧਿਕਾਰੀਆ ਨਾਲ ਜਾਣ-ਪਹਿਚਾਣ ਕੀਤੀ ਗਈ ।ਇਸ ਤੋ ਮਾਨਯੋਗ ਚੇਅਰਮੈਨ ਜੀ ਦੀ ਆਗਿਆ ਨਾਲ ਮੀਟਿੰਗ ਸੁਰੂ ਕੀਤੀ ਗਈ।ਮੀਟਿੰਗ ਵਿੱਚ ਸਭ ਤੋ ਪਹਿਲਾਂ ਹਾਮੀਦ ਮਸੀਹ ,ਪ੍ਰਧਾਨ ਘੱਟ ਗਿਣਤੀ ਨੇ ਚੇਅਰਮੈਨ ਜੀ ਦੇ ਧਿਆਨ ਵਿੱਚ ਲਿਆਂਦਾ ਕਿ ਬਹੁਤ ਸਾਰੀਆ ਮੀਟਿੰਗਾ ਹੁੰਦੀਆ ਹਨ।ਸਾਰੇ ਮਸਲੇ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਦੇ ਜਾਂਦੇ ਹਨ ।ਪਰ ਪ੍ਰਸ਼ਾਸਨ ਇਨ੍ਹਾਂ ਮਸਲਿਆਂ ਨੂੰ ਧਿਆਨ ਨਾਲ ਸੁਣਦਾ ਜਰੂਰ ਹੈ,ਪਰ ਪ੍ਰਸ਼ਾਸਨ ਵੱਲੋ ਇਨ੍ਹਾਂ ਮਸਲਿਆ ਸਬੰਧੀ ਕੋਈ ਕਾਰਵਾਈ ਨਹੀ ਕੀਤੀ ਜਾਂਦੀ ਹੈ।ਚੇਅਰਮੈਨ ਜੀ ਵੱਲੋ ਸਭ ਤੋ ਪਹਿਲਾਂ ਮਿਤੀ 03-01-2020 ਨੂੰ ਹੋਈ ਮੀਟਿੰਗ ਦੀ ਕਾਰਵਾਈ ਸਬੰਧੀ ਮੀਟਿੰਗ ਵਿੱਚ ਹਾਜ਼ਰ ਹੋਏ ਅਧਿਕਾਰੀਆ ਤੋ ਪੁੱਛਿਆ ਗਿਆ।

(1) **ਮੀਟਿੰਗ ਵਿੱਚ ਅਜੰਡਾ ਨੰ:1** -ਚੇਅਰਮੈਨ ਜੀ ਵੱਲੋ ਜਲੰਧਰ ਸ਼ਹਿਰ ਵਿੱਚ ਕਬੀਰ ਵਿਹਾਰ, ਬਸਤੀ ਬਾਵਾ ਖੇਲ ਏਰੀਏ ਵਿੱਚ ਈਸਾਈ ਭਾਈਚਾਰੇ ਨੂੰ ਦਿੱਤੀ ਜਾਣ ਵਾਲੀ ਇੱਕ ਏਕੜ ਜਗ੍ਹਾਂ ਬਾਰੇ ਪੁੱਛਿਆ ਗਿਆ।ਮੀਟਿੰਗ ਵਿੱਚ ਕਾਰਪੋਰੇਸ਼ਨ ਜਲੰਧਰ ਤੋ ਹਾਜ਼ਰ ਹੋਏ ਸੁਰਜੀਤ ਸਿੰਘ,ਅਸਟੇਟ ਅਫਸਰ ਨੇ ਚੇਅਰਮੈਨ ਜੀ ਦੇ ਧਿਆਨ ਵਿੱਚ ਲਿਆਂ ਦਾ ਕਿ ਈਸਾਈ ਭਾਈਚਾਏ ਨੂੰ ਇੱਕ ਏਕੜ ਜਗ੍ਹਾ ਦੇ ਦਿੱਤੀ ਗਈ ਸੀ।ਪਰ ਦੂਜੇ ਧਰਮਾਂ ਦੇ ਲੋਕਾ ਵੱਲੋ ਕੋਰਟ ਵਿੱਚ ਕੇਸ ਕਰ ਦਿੱਤਾ ਗਿਆ ਹੈ।ਚੇਅਰਮੈਨ ਜੀ ਵੱਲੋ ਮੀਟਿੰਗ ਵਿੱਚ ਹਾਜ਼ਰ ਹੋਏ ਅਧਿਕਾਰੀਆ ਨੂੰ ਦੱਸਿਆ ਗਿਆ ਕਿ ਇਸ ਮਾਮਲੇ ਨੂੰ ਸੁਲਝਾਉਣ ਲਈ ਦੂਜੇ ਧਰਮਾਂ ਦੇ ਲੋਕਾਂ ਨਾਲ ਇੱਕ ਮੀਟਿੰਗ ਕਰ ਲਈ ਜਾਵੇ।

**(ਕਾਰਵਾਈ ਵੱਲੋਂ ਮਿਊਸੀਪਲ ਕਾਰਪੋਰੇਸ਼ਨ,ਜਲੰਧਰ )**

(2) **ਮੀਟਿੰਗ ਵਿੱਚ ਅਜੰਡਾ ਨੰ: 2** ਚੇਅਰਮੈਨ ਜੀ ਵੱਲੋ ਭੋਗਪੁਰ ਵਿੱਚ ਈਸਾਈ ਭਾਈਚਾਰੇ ਨੂੰ ਦਿੱਤੀ ਜਾਣ ਵਾਲੀ ਜਗ੍ਹਾ ਬਾਰੇ ਪੁੱਛਿਆ ਗਿਆ।ਮੀਟਿੰਗ ਵਿੱਚ ਹਾਜ਼ਰ ਹੋਏ ਈ.ਓ ਭੋਗਪੁਰ ਵੱਲੋ ਚੇਅਰਮੈਨ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਭੋਗਪੁਰ ਵਿੱਚ ਕਬਰਸਥਾਨ ਦੀ ਜਗ੍ਹਾ ਈਸਾਈ ਭਾਈਚਾਰੇ ਨੂੰ ਦੇ ਦਿੱਤੀ ਗਈ ਹੈ।

**(ਅਜੰਡਾ ਆਈਟਮ ਨੰ: 2 ਖਤਮ ਕੀਤੀ ਜਾਣੀ ਹੈ)**

(3) **ਮੀਟਿੰਗ ਵਿੱਚ ਵਿੱਚ ਅਜੰਡਾ ਨੰ:3-** ਚੇਅਰਮੈਨ ਜੀ ਵੱਲੋ ਪਿੰਡ ਆਲੋਵਾਲ ਤਹਿਸੀਲ ਨਕੋਦਰ ਵਿਖੇ ਈਸਾਈ ਭਾਈਚਾਰੇ ਨੂੰ ਦਿੱਤੀ ਜਾਣੀ ਵਾਲੀ 10 ਕਨਾਲ ਜਗ੍ਹਾ ਬਾਰੇ ਪੁੱਛਿਆ ਗਿਆ ।ਮੀਟੰਗ ਵਿੱਚ ਹਾਜ਼ਰ ਹੋਏ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਨਕੋਦਰ ਵੱਲੋ ਚੇਅਰਮੈਨ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਈਸਾਈ ਭਾਈਚਾਰੇ ਨੂੰ ਦਿੱਤੀ ਜਾਣੀ ਵਾਲੀ 10 ਕਨਾਲ ਜਗ੍ਹਾ ਵਕਫ ਬੋਰਡ ਦੀ ਹੋਣ ਕਰਕੇ ਇਹ ਮਾਮਲਾ ਉਪ-ਮੰਡਲ ਮੈਜਿਸਟ੍ਰੇਟ, ਨਕੋਦਰ ਜੀ ਨਾਲ ਸਬੰਧਤ ਹੈ।ਇਸ ਲਈ ਅੱਗਲੀ ਕਾਰਵਾਈ ਉਪ-ਮੰਡਲ ਮੈਜਿਸਟ੍ਰੇਟ,ਨਕੋਦਰ ਵੱਲੋ ਕੀਤੀ ਜਾਵੇਗੀ।

**(ਕਾਰਵਾਈ ਵੱਲੋ ਉਪ ਮੰਡਲ ਮੈਜਿਸਟ੍ਰੇਟ,ਨਕੋਦਰ )**

(4) ਇਸ ਤੋ ਇਲਾਵਾ ਮੀਟਿੰਗ ਵਿੱਚ ਹਾਜ਼ਰ ਹੋਏ ਹਾਮੀਦ ਮਸੀਹ ,ਪ੍ਰਧਾਨ ਘੱਟ ਗਿਣਤੀ ਨੇ ਚੇਅਰਮੈਨ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਗੁਰਾਇਆ ਵਿਖੇ ਈਸਈ ਭਾਈਚਾਏ ਦੇ ਲੋਕਾਂ ਦੀ ਗਿਣਤੀ ਬਹੁਤ ਜਿਆਦਾ ਹੈ ਪਰ ਉਥੇ ਕਬਰਸਥਾਨ ਲਈ ਲੋਕਾਂ ਕੋਲ ਜਗ੍ਹਾ ਉਪਲਬੱਧ ਨਹੀ ਹੈ।ਚੇਅਰਮੈਨ ਜੀ ਵੱਲੋ ਮੀਟਿੰਗ ਵਿੱਚ ਹਾਜ਼ਰ ਹੋਏ ਸਬੰਧਤ ਵਿਭਾਗਾ ਦੇ ਅਧਿਕਾਰੀਆ ਨੂੰ ਆਦੇਸ਼ ਦਿੱਤੇ ਗਏ ਕਿ ਗੁਰਾਇਆ ਵਿਖੇ ਈਸਾਈ ਭਾਈਚਾਰੇ ਨੂੰ ਜਗ੍ਹਾ ਮੁੱਹਈਆ ਕਰਵਾਈ ਜਾਵੇ.

**(ਕਾਰਵਾਈ ਵੱਲੋ ਈ.ਓ ਗੁਰਾਇਆ )**

(5) ਮੀਟਿੰਗ ਵਿੱਚ ਹਾਜ਼ਰ ਹੋਏ ਨਾਸੀਰ ਹਸਨ ਸਲਮਾਨੀ, ਮੈਂਬਰ ਮਨਿਓਰਟੀ ਕਮਿਸ਼ਨ ਨੇ ਚੇਅਰਮੈਨ ਜੀ ਦੇ ਧਿਆਨ ਵਿੱਚ ਲਿਆਂਦਾ ਕਿ ਬੀ.ਸੀ/ਘੱਟ ਗਿਣਤੀ ਨਾਲ ਸਬੰਧਤ ਕੋਕਾਂ ਦੇ ਸਰਟੀਫਿਕੇਟ ਬਣਾਉਣ ਵਿੱਚ ਬਹੁਤ ਮੁਸ਼ਕਲਾ ਆ ਰਹੀਆ ਹਨ।ਲੋਕਾਂ ਨੂੰ ਖਜੱਲ-ਖੁਆਰੀ ਦਾ ਸਾਹਮਣਾ ਕਰਨਾ ਪੈਦਾਂ ਹੈ।ਚੇਅਰਮੈਨ ਜੀ ਵੱਲੋ ਮੀਟਿੰਗ ਵਿੱਚ ਹਾਜ਼ਰ ਹੋਏ ਤਹਿਸੀਲਦਾਰ, ਜਲੰਧਰ-1 ਅਤੇ ਤਹਿਸੀਲਦਾਰ, ਜਲੰਧਰ ਨੂੰ ਆਦੇਸ਼ ਦਿੱਤੇ ਗਏ ਕਿ ਬੀ.ਸੀ/ਈਸਾਈ ਭਾਈਚਾਰੇ ਅਤੇ ਘੱਟ ਗਿਣਤੀ ਦੇ ਲੋਕਾਂ ਨੂੰ ਸਰਟੀਫਿਕੇਟ ਬਣਾਉਣ ਵਿੱਚ ਕੋਈ ਮੁਸ਼ਕਿਲ ਪੇਸ਼ ਨਹੀ ਆਉਣੀ ਚਾਹੀਦੀ।ਤਹਿਸੀਲਦਾਰ-ਜਲੰਧਰ-1 ਅਤੇ ਤਹਿਸੀਲਦਾਰ ਜਲੰਧਰ-2 ਵੱਲੋ ਚੇਅਰਮੈਨ ਜੀ ਨੂੰ ਭਰੋਸਾ ਦਿਵਾਇਆ ਗਿਆ ਕਿ ਸਰਟੀਫਿਕੇਟ ਬਣਾਉਣ ਵਿੱਚ ਲੋਕਾਂ ਨੂੰ ਕਿਸੇ ਵੀ ਪਰੇਸ਼ਾਨੀ ਦਾ ਸਾਹਮਣਾ ਨਹੀ ਕਰਨ ਪਵੇਗਾ।

(ਕਾਰਵਾਈ ਵੱਲੋ ਤਹਿਸੀਲਦਾਰ-1 ਅਤੇ ਤਹਿਸੀਲਦਾਰ-2)

(6) (1) ਮੀਟਿੰਗ ਵਿੱਚ ਹਾਜ਼ਰ ਹੋਏ ਨਾਸੀਰ ਹਸਨ ਸਲਮਾਨੀ, ਮੈਂਬਰ ਮਨਿਓਰਟੀ ਕਮਿਸ਼ਨ ਨੇ ਚੇਅਰਮੈਨ ਜੀ ਦੇ ਧਿਆਨ ਵਿੱਚ ਲਿਆਂਦਾ ਕਿ ਨਿਊ ਸੰਤ ਨਗਰ ਗਲੀ ਨੰ:12 ਜਲੰਧਰ ਵਿੱਚ ਗਾੜ੍ਹੇ ਕਬਰਸਥਾਨ ਦੀ ਚਾਰਦੀਵਾਰੀ ਅਜੇ ਤੱਕ ਨਹੀ ਹੋਈ ।ਜਿਸ ਕਰਕੇ ਕਬਰਾਂ ਦੇ ਵਿੱਚ ਕੁੱਤੇ ਅਤੇ ਹੋਰ ਜਾਨਵਰ ਕਬਰਾਂ ਦੀ ਬੇਦਬੀ ਕਰਦੇ ਹਨ ਅਤੇ ਮੁਹੱਲਾ ਨਿਵਾਸੀ ਉਥੇ ਕੂੜਾ ਸੁੱਟਦੇ ਹਨ,ਕੁਝ ਨਸ਼ੇੜੀ ਮੁੰਡੇ ਉਥੇ ਬਹਿ ਕੇ ਨਸ਼ਾ ਕਰਦੇ ਹਨ।ਇਸ ਸਬੰਧੀ ਕਬਰਸਥਾਨ ਦੀ ਚਾਰਦੀਵਾਰੀ ਕਰਵਾਈ ਜਾਵੇ ਅਤੇ ਉੱਥੇ ਇੱਕ ਕਮਰਾ ਅਤੇ ਬਰਾਂਡਾ ਬਣਾ ਕੇ ਇੱਕ ਸਕਿਓਰਟੀ ਵਾਸਤੇ ਕਮੇਟੀ ਵੱਲੋ ਬੰਦਾ ਰੱਖਿਆ।ਚੇਅਰਮੈਨ ਜੀ ਵੱਲੋ ਮਿਊਸੀਪਲ ਕਾਰਪਰੋਸ਼ੇਨ ਜਲੰਧਰ ਤੋ ਹਾਜ਼ਰ ਹੋਏ ਅਧਿਕਾਰੀ ਨੂੰ ਜਲਦ ਤੋ ਜਲਦ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਗਏ।

(2) ਕਮਿਸ਼ਨ ਦੇ ਮੈਂਬਰ ਸ੍ਰੀ ਨਾਸਿਰ ਹਸਨ ਸਲਮਾਨੀ ਨੇ ਦੱਸਿਆ ਕਿ ਮੁਸਲਿਮ ਕਰਬਸਥਾਨ ਨੇੜੇ ਕਮਲ ਪੈਲੇਸ, ਜਲੰਧਰ ਦਾ ਰਕਬਾ 8 ਕਨਾਲ ਦਾ ਹੁੰਦਾ ਸੀ ਜੋ ਨਜ਼ਾਇਜ਼ ਕਬਜ਼ੇ ਹੋਣ ਕਾਰਨ ਹੁਣ ਤੱਕ ਇੱਕ ਕਨਾਲ ਦਾ ਰਹਿ ਗਿਆ ਹੈ।ਨਜ਼ਾਇਜ਼ ਕਬਜ਼ੇ ਹਟਾ ਕੇ ਦਰੁਸਤ ਹਾਲਤ ਵਿੱਚ ਮੁਸਲਿਮ ਭਾਈਚਾਰੇ ਨੂੰ ਸੌਂਪਿਆ ਜਾਵੇ ਅਤੇ ਕਬਰਸਥਾਨ ਵਿੱਚ ਫੈਕਟਰੀਆਂ ਦਾ ਗੰਦਾ ਪਾਣੀ ਕਬਰਸਥਾਨ ਵਿੱਚ ਡਿਗਦਾ ਹੈ।ਜਿਸ ਕਰਕੇ ਕਬਰਾਂ ਦੀ ਬੇਅਦਬੀ ਹੁੰਦੀ ਹੈ।ਗੰਦਾ ਪਾਣੀ ਡਿਗਣ ਤੋ ਰੋਕਿਆ ਜਾਵੇ।ਚੇਅਰਮੈਨ ਜੀ ਨੇ ਆਦੇਸ਼ ਦਿੱਤੇ ਕਿ ਇਸ ਸਬੰਧ ਵਿੱਚ ਸਬੰਧਤ ਵਿਭਾਗ ਵੱਲੋ ਲੋੜੀਂਦੀ ਕਾਰਵਾਈ ਤੁਰੰਤ ਕੀਤੀ ਜਾਵੇ।

(ਕਾਰਵਾਈ ਵੱਲੋ ਮਿਊਸੀਪਲ ਕਾਰਪੋਰੇਸ਼ਨ,ਜਲੰਧਰ )

(7 ) ਇਸ ਤੋ ਇਲਾਵਾ ਮੀਟਿੰਗ ਵਿੱਚ ਹਾਜ਼ਰ ਹੋਏ ਹਾਮੀਦ ਮਸੀਹ ,ਪ੍ਰਧਾਨ ਘੱਟ ਗਿਣਤੀ ਨੇ ਚੇਅਰਮੈਨ ਜੀ ਦੇ ਧਿਆਨ ਵਿੱਚ ਜਿਲ੍ਹਾ ਜਲੰਧਰ ਦੇ ਈਸਾਈ ਭਾਈਚਾਰੇ ਦੇ ਕਬਰਸਥਾਨਾਂ ਦੀ ਸੂਚੀ ਪੇਸ਼ ਕਰਦਿਆ ਹੋਏ ਕਿਹਾ ਕਿ ਇਨ੍ਹਾਂ ਕਬਰਸਥਾਨਾਂ ਸਬੰਧੀ ਅਜੇ ਤੱਕ ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਵੱਲੋ ਕਾਰਵਾਈ ਨਹੀ ਕੀਤੀ ਗਈ। ਚੇਅਰਮੈਨ ਜੀ ਨੇ ਕਮੇਟੀ ਮੈਬਰਾਂ ਨੂੰ ਜਲਦ ਤੋ ਜਲਦ ਕਾਰਵਾਈ ਕਰਨ ਦੇ ਆਦੇਸ਼ ਦਿੱਤੇ।

(ਕਾਰਵਾਈ ਵੱਲੋ ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ)

ਮੀਟਿੰਗ ਦੇ ਅੰਤ ਵਿੱਚ ਮਾਨਯੋਗ ਚੇਅਰਮੈਨ ਸਾਹਿਬ ਵਲੋ ਮੀਟਿੰਗ ਵਿੱਚ ਹਾਜ਼ਰ ਹੋਏ ਸਾਰੇ ਵਿਭਾਗਾਂ ਦਾ ਧੰਨਵਾਦ ਕਰਦਿਆਂ ਹੋਇਆ ਮੀਟਿੰਗ ਸਮਾਪਤੀ ਦੀ ਘੋਸ਼ਣਾ ਕੀਤੀ ਗਈ।

Emanual Nahar

( ਇੰਮਾਨੂੰਏਲ ਨਾਹਰ)

ਚੇਅਰਮੈਨ,
ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ